**ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ ਸਿੱਖਿਆ ਭਵਨ(ਪੀ.ਐਸ.ਈ.ਬੀ.) ਪੰਜਵੀਂ ਮੰਜਿਲ,ਬਲਾਕ-ਈ,ਫੇਜ-8 ਅਜੀਤਗੜ(ਮੋਹਾਲੀ)ਫੋਨ ਨੰ:0172-5212313**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਪੰਜਾਬ।

**ਮੀਮੋ ਨੰ: ASPD/CO/RMSA-2015** 6695

**ਮਿਤੀ** 7-5-15 **ਮੋਹਾਲੀ**

**ਵਿਸ਼ਾ: NSIGSE ਸਕੀਮ ਸਾਲ 2015-16 ਦੀ ਪ੍ਰਪੋਜਲ ਦੀ ਸਾਫਟ ਅਤੇ ਹਾਰਡ ਕਾਪੀ ਮੰਗਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2005-16 ਦੀ NSIGSE ਸਕੀਮ ਅਧੀਨ 9ਵੀਂ ਜਮਾਤ ਵਿੱਚ ਪੜ੍ਹਦੀਆਂ SC/ST ਲੜਕੀਆਂ ਦੀ MHRD ਨੂੰ ਭੇਜਣ ਵਾਲੀ ਪ੍ਰਪੋਜਲ ਦਫਤਰ ਵਿੱਚ ਕੰਮ ਕਰਦੇ ਡੀ.ਆਰ.ਪੀ. ਦੀ ਸਹਾਇਤਾ ਨਾਲ ਪ੍ਰਪੋਜਲ ਅਧਾਰਿਤ ਪ੍ਰਫਾਰਮੇ ਉੱਤੇ ਭਰ ਕੇ ਭੇਜਣੀ ਹੈ ਅਤੇ ਹੇਠ ਲਿਖੀ ਹਦਾਇਤਾ ਅਨੁਸਾਰ ਤਿਆਰ ਕਰਨੀ ਹੈ।

- ਵਿਦਿਆਰਥਣਾਂ SC/ST ਹੋਣ ਅਤੇ ਸੈਸ਼ਨ 2015-16 ਵਿੱਚ ਸਰਕਾਰੀ, Govt. Added ਜਾਂ Local Body ਸਕੂਲਾਂ ਵਿੱਚ 9ਵੀਂ ਕਲਾਸ ਵਿੱਚ ਪੜ੍ਹ ਰਹੀਆਂ ਹੋਣ।
- ਲੜਕੀਆਂ ਅਣਵਿਆਹੀਆਂ ਹੋਣ ਅਤੇ ਜਿਹਨਾਂ ਦੀ ਉਮਰ 01/04/2015 ਨੂੰ 16 ਸਾਲ ਤੋਂ ਘੱਟ ਹੋਵੇ (ਭਾਵ ਜਿਨ੍ਹਾਂ ਦਾ ਜਨਮ 01/04/1999 ਤੋਂ ਬਾਅਦ ਹੋਵੇ) ਉਹਨਾਂ ਨੂੰ ਹੀ ਲਾਭਪਾਤਰੀਆਂ ਦੀ ਲਿਸਟ ਵਿੱਚ ਸ਼ਾਮਿਲ ਕੀਤਾ ਜਾਵੇ।
- ਲਾਭਪਾਤਰੀਆਂ ਨੂੰ Incentive ਦੀ ਰਾਸ਼ੀ (DBT ) ਸਕੀਮ ਰਾਹੀ ਸਿੱਧੀ ਖਾਤੇ ਵਿੱਚ ਹੀ ਟ੍ਰਾਂਸਫਰ ਹੋਣੀ ਹੈ। ਇਸ ਲਈ ਪ੍ਰਪੋਜਲ ਵਿੱਚ ਬੈਂਕ ਖਾਤਾ ਨੰ:, ਬੈਂਕ ਦਾ ਪੂਰਾ ਨਾਂ, IFSC Code ਅਤੇ ਅਧਾਰ ਕਾਰਡ ਨੰ: ਪ੍ਰਪੋਜਲ ਵਿੱਚ ਸਪੱਸ਼ਟ, ਸਾਫ ਅਤੇ ਠੀਕ ਹੋਣੇ ਚਾਹੀਦੇ ਹਨ। ਬੈਂਕ ਖਾਤੇ ਦੀ ਅਧਾਰ ਕਾਰਡ ਨਾਲ ਸੀਡਿੰਗ ਹੋਣੀ ਲਾਜ਼ਮੀ ਹੈ।
- ਕਸਤੂਰਬਾ ਗਾਂਧੀ ਬਾਲਿਕਾ ਸਕੂਲ ਦੀਆ ਸਾਰੀਆਂ ਲੜਕੀਆਂ ਜਿਨ੍ਹਾਂ ਨੇ ਅੱਠਵੀਂ ਕਲਾਸ ਕਸਤੂਰਬਾ ਗਾਂਧੀ ਬਾਲਿਕਾ ਸਕੂਲ ਤੋਂ ਪਾਸ ਕੀਤੀ ਹੈ, ਇਸ ਸਕੀਮ ਵਿੱਚ ਲਾਭ ਲੈਣ ਲਈ ਯੋਗ ਹਨ।
- ਪ੍ਰਪੋਜਲ ਤਿਆਰ ਕਰਦੇ ਸਮੇਂ ਪ੍ਰਪੋਜਲ ਐਕਸਲ ਅਤੇ ਨਿਰਧਾਰਤ ਪ੍ਰਫਾਰਮੇ ਉੱਤੇ ਹੀ ਦਿੱਤੇ ਕਾਲਮ ਅਨੁਸਾਰ ਤਿਆਰ ਕੀਤੀ ਜਾਣੀ ਹੈ, ਕੋਈ ਵੀ ਕਾਲਮ ਅੱਗੇ ਪਿੱਛੇ ਨਾ ਕੀਤਾ ਜਾਵੇ।
- Date of birth (DD/MM/YYYY) ਅਨੁਸਾਰ ਹੋਵੇ।
- ਪ੍ਰਪੋਜਲ ਤਿਆਰ ਕਰਦੇ ਸਮੇਂ ਲਾਭਪਾਤਰੀਆਂ ਦੇ ਨਾਮ, ਉਮਰ ਦੇ ਘੱਟਦੇ ਕ੍ਰਮ ਵਿੱਚ ਹੋਣ ਜਿਵੇ ਕਿ ਪਹਿਲਾਂ ਉਹ ਲਾਭਪਾਤਰੀਆਂ ਦੇ ਨਾਮ ਦਰਜ ਹੋਣਗੇ ਜਿਨ੍ਹਾਂ ਦੀ ਜਨਮ ਮਿਤੀ 01/04/1999 ਹੈ, ਜਨਮ ਮਿਤੀ 02/04/1999 ਅਤੇ ਜਨਮ ਮਿਤੀ 03/04/1999 ਹੋਵੇ।

ਸਾਲ 2015-16 ਵਿੱਚ ਪੜ੍ਹਦੀਆਂ SC/ST ਲੜਕੀਆਂ ਦੀ MHRD ਨੂੰ ਭੇਜਣ ਵਾਲੀ ਪ੍ਰਪੋਜਲ 20-05-15 ਨੂੰ ਤਿਆਰ ਕਰਕੇ ਇਸ ਦਫਤਰ ਵਿਖੇ ਸਾਫਟ ਅਤੇ ਹਾਰਡ ਕਾਪੀ ਚੈੱਕ ਕਰਵਾਉਣ ਲਈ ਸਡਿਊਲ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ | 25/05/15 | 26/05/15 | 27/5/15 | 28/05/15 |
|---|---|---|---|---|
| 1 | ਫਰੀਦਕੋਟ | ਫਾਜਿਲਕਾ | ਬਠਿੰਡਾ | ਅੰਮ੍ਰਿਤਸਰ |
| | ਮੋਗਾ | ਬਰਨਾਲਾ | ਮਾਨਸਾ | ਤਰਨਤਾਰਨ |
| | ਮੁਕਤਸਰ | ਗੁਰਦਾਸਪੁਰ | ਲੁਧਿਆਣਾ | ਕਪੂਰਥਲਾ |
| | ਫਿਰੋਜਪੁਰ | ਪਠਾਨਕੋਟ | ਸੰਗਰੂਰ | ਨਵਾਂ ਸ਼ਹਿਰ |
| | ਜਲੰਧਰ | ਮੋਹਾਲੀ | ਹੁਸ਼ਿਆਰਪੁਰ | |
| | ਫਤਿਹਗੜ੍ਹ ਸਾਹਿਬ | ਰੋਪੜ | ਪਟਿਆਲਾ | |

ਉਕਤ ਪ੍ਰਪੋਜਲ (2015-16) ਤਿਆਰ ਕਰਨ ਸਬੰਧੀ ਜੇਕਰ ਕੋਈ ਹੋਰ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ MHRD ਦੀ ਵੈੱਬਸਾਈਟ (www.mhrd.gov.in) ਤੋਂ (Incentives To Girls For Secondary Education) Login ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ।**

ਇਸ ਪੱਤਰ ਦਾ ਇੱਕ ਉਤਾਰਾ ਸੂਚਨਾ ਹਿੱਤ ਸ੍ਰੀ ਮਤੀ ਨਲਿਨੀ ਸ਼ਰਮਾ, ਨੋਡਲ ਅਫਸਰ, ਡੀ.ਪੀ.ਆਈ (ਸੈ:ਸਿ) ਨੂੰ ਭੇਜਿਆ ਜਾਂਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ।**